# ਸ਼ਾਂਤੀ ਲਈ ਇੱਕਮਤ ਮਜ਼ਬੂਤ ਕਰਨ ਵਾਸਤੇ ਅਫਗਾਨਿਸਤਾਨ ਬਾਰੇ ਖੇਤਰੀ ਬੈਠਕ ਵਿੱਚ ਭਾਰਤ ਨੇ ਹਿੱਸਾ ਲਿਆ

6 ਜੁਲਾਈ, 2020

ਭਾਰਤ ਨੇ ਅਫਗਾਨਿਸਤਾਨੀ ਇਸਲਾਮੀ ਗਣਤੰਤਰ ਦੀ ਸਰਕਾਰ ਵੱਲੋਂ ਸ਼ਾਂਤੀ ਲਈ ਇੱਕਮਤ ਨੂੰ ਮਜ਼ਬੂਤ ਕਰਨ ਵਾਸਤੇ ਸੱਦੀ ਗਈ ਖੇਤਰੀ ਭਾਈਵਾਲਾਂ ਦੀ ਬੈਠਕ ਵਿੱਚ ਹਿੱਸਾ ਲਿਆ। ਇਸ ਬੈਠਕ ਦੀ ਪ੍ਰਧਾਨਗੀ ਅਫਗਾਨਿਸਤਾਨ ਦੇ ਰਾਸ਼ਟਰਪਤੀ ਮਹਾਮਹਿਮ ਮੁਹੰਮਦ ਅਸ਼ਰਫ ਗਨੀ ਨੇ ਕੀਤੀ। ਇਸ ਬੈਠਕ ਵਿੱਚ 20 ਦੇਸ਼ਾਂ ਅਤੇ ਸੰਯੁਕਤ ਰਾਸ਼ਟਰ ਸਣੇ ਕੌਮਾਂਤਰੀ ਸੰਗਠਨਾਂ ਨੇ ਹਿੱਸਾ ਲਿਆ। ਭਾਰਤ ਦੀ ਨੁਮਾਇੰਦਗੀ ਸੰਯੁਕਤ ਸਕੱਤਰ (ਪੀ.ਏ.ਆਈ.) ਨੇ ਕੀਤੀ।

ਰਾਸ਼ਟਰਪਤੀ ਸ੍ਰੀ ਅਸ਼ਰਫ ਗਨੀ ਨੇ ਅਫਗਾਨਿਸਤਾਨ ਨੂੰ ਕੋਵਿਡ 19 ਦੇ ਸੰਬੰਧ ਵਿੱਚ ਸਹਾਇਤਾ ਦੇਣ ਅਤੇ ਇਸ ਖੇਤਰ ਵਿੱਚ ਤਾਲਮੇਲ ਨਾਲ ਕੱਮ ਕਰਨ ਲਈ ਸਾਰਕ ਨੇਤਾਵਾਂ ਦੀ ਮੀਟਿੰਗ ਦੀ ਮੇਜ਼ਬਾਨੀ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ।

ਅਫਗਾਨਿਸਤਾਨ ਵਿੱਚ ਸ਼ਾਂਤੀ ਅਤੇ ਮੇਲ-ਮਿਲਾਪ ਦੀ ਪ੍ਰਕਿਰਿਆ ਅਤੇ ਖੇਤਰੀ ਭਾਈਵਾਲਾਂ ਵੱਲੋਂ ਆਜ਼ਾਦ, ਇੱਕਜੁਟ, ਲੋਕਤੰਤਰਕ ਅਤੇ ਪ੍ਰਭੂਸੱਤਾਪੂਰਨ ਅਫਗਾਨਿਸਤਾਨ ਲਈ ਉਨ੍ਹਾਂ ਦੇ ਸਮਰਥਨ ਦੇ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕੀਤੇ ਗਏ। ਭਾਰਤ, ਜੋ ਅਫਗਾਨਿਸਤਾਨ ਦੇ ਵਿਕਾਸ ਵਿਚ ਸਭ ਤੋਂ ਵੱਡੇ ਭਾਈਵਾਲਾਂ ਵਿਚ ਸ਼ਾਮਲ ਹੈ ਅਤੇ ਜਿਸ ਨੇ 3 ਅਰਬ ਅਮਰੀਕੀ ਡਾਲਰ ਤੋਂ ਵੱਧ ਦੀ ਵਚਨਬੱਧਤਾ ਦਿੱਤੀ ਹੈ, ਨੇ ਅਜਿਹੀ ਪੂਰਨ ਸਮਾਵੇਸ਼ੀ ਸ਼ਾਂਤੀ ਪ੍ਰਕ੍ਰਿਆ ਦੇ ਮਹੱਤਵ ਤੇ ਜ਼ੋਰ ਦਿੱਤਾ, ਜੋ ਸਮਾਵੇਸ਼ੀ ਹੋਣ ਤੋਂ ਛੁੱਟ ਅਫਗਾਨ ਅਗਵਾਈ, ਅਫਗਾਨ ਮਿਲਕੀਅਤ ਅਤੇ ਅਫਗਾਨ ਕੰਟਰੋਲ ਵਿਚ ਹੋਵੇ।

ਭਾਰਤ ਨੇ ਅਫਗਾਨਿਸਤਾਨ ਅੰਦਰ ਸੰਵਿਧਾਨਕ ਪ੍ਰਣਾਲੀ ਲਈ ਸਮਰਥਨ ਜ਼ਾਹਰ ਕੀਤਾ, ਜਿਸ ਨਾਲ ਔਰਤਾਂ, ਬੱਚਿਆਂ ਅਤੇ ਘੱਟਗਿਣਤੀਆਂ ਸਮੇਤ ਅਫਗਾਨ ਸਮਾਜ ਦੇ ਸਾਰੇ ਵਰਗਾਂ ਦੇ ਹਿੱਤਾਂ ਦੀ ਰੱਖਿਆ ਹੋ ਸਕੇਗੀ। ਭਾਰਤ ਨੇ ਇਸ ਤੱਥ ਨੂੰ ਪ੍ਰਮੁਖਤਾ ਨਾਲ ਪੇਸ਼ ਕੀਤਾ ਕਿ ਅਫਗਾਨਿਸਤਾਨ ਅੰਦਰ ਸਥਾਈ ਸ਼ਾਂਤੀ ਕਾਇਮ ਕਰਨ ਲਈ ਅੱਤਵਾਦੀਆਂ ਦੇ ਅੱਡਿਆਂ ਅਤੇ ਉਨ੍ਹਾਂ ਦੀਆਂ ਸੁਰੱਖਿਅਤ ਪਨਾਹਗਾਹਾਂ ਨੂੰ ਖਤਮ ਕਰਨਾ ਲਾਜ਼ਮੀ ਸ਼ਰਤ ਹੈ।

6 ਜੁਲਾਈ, 2020

ਨਵੀਂ ਦਿੱਲੀ

DISCLAIMER : This is an approximate translation. The original is available in English on MEA's website and may be referred to as the official press release.